10ਵੀਂ ਵਿਧਾਨ ਸਭਾ

6ਵਾਂ (ਬਜਟ) ਸਮਾਗਮ, 2024

**ਪੰਜਾਬ ਵਿਧਾਨ ਸਭਾ ਸਕੱਤਰੇਤ**

**(ਵਿਧਾਨ ਸ਼ਾਖਾ)**

**ਨੰ. 15-ਐਲ ਏ- 2024/** 3603

ਵਿੱਤ ਮੰਤਰੀ ਵੱਲੋਂ ਨੋਟਿਸ ਪ੍ਰਾਪਤ ਹੋਇਆ ਹੈ ਕਿ ਪੰਜਾਬ ਵਿਧਾਨ ਸਭਾ ਦੇ 6ਵੇਂ (ਬਜਟ) ਸਮਾਗਮ ਦੀ ਬੈਠਕ ਦੌਰਾਨ ਨਿਮਨਲਿਖਤ ਮਤਾ ਪੇਸ਼ ਕੀਤਾ ਜਾਵੇਗਾ;-

"ਜਦੋਂਕਿ, ਪੰਜਾਬ ਵਿਧਾਨ ਸਭਾ ਦਾ ਇਹ ਮੰਨਣਾ ਹੈ ਕਿ ਰਾਜਾਂ ਦੇ ਜਨਤਕ ਕਰਜ਼ਿਆਂ ਦੇ ਨਿਯੰਤ੍ਰਣ ਲਈ ਅਤੇ ਇਸ ਨਾਲ ਜੁੜੇ ਸਾਰੇ ਮਾਮਲਿਆਂ ਲਈ ਜਾਂ ਇਸ ਨਾਲ ਜੁੜੇ ਸਹਾਇਕ ਅਤੇ ਇਤਫਾਕੀਆ ਮਾਮਲਿਆਂ ਲਈ ਪੂਰੇ ਭਾਰਤ ਵਿੱਚ ਇੱਕ ਸਮਾਨ ਕਾਨੂੰਨ ਹੋਣ/ਚਾਹੀਦਾ ਹੈ;

ਅਤੇ ਜਦੋਂਕਿ, 2006 ਵਿੱਚ, ਭਾਰਤ ਸਰਕਾਰ ਨੇ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਨੂੰ ਭਾਰਤੀ ਰਿਜ਼ਰਵ ਬੈਂਕ ਦੁਆਰਾ ਸਰਕਾਰੀ ਸਕਿਓਰਿਟੀਜ਼ ਅਤੇ ਇਸ ਦੇ ਪ੍ਰਬੰਧਨ ਨਾਲ ਸਬੰਧਤ ਕਾਨੂੰਨ ਨੂੰ ਇੱਕ ਸਾਰ ਅਤੇ ਸੋਧਣ ਦੇ ਉਦੇਸ਼ ਨਾਲ ਲਾਗੂ ਕੀਤਾ ਸੀ। ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਦੀ ਧਾਰਾ 1 ਦੀ ਉਪ ਧਾਰਾ (2) ਅਨੁਸਾਰ ਇਹ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਭਾਵੇਂ ਇਸ ਐਕਟ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ, ਬਣਾਈਆਂ ਗਈਆਂ ਅਤੇ ਜਾਰੀ ਕੀਤੀਆਂ ਸਰਕਾਰੀ ਸਕਿਓਰਿਟੀਜ਼ ਤੇ ਲਾਗੂ ਹੁੰਦਾ ਹੈ। ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਦੀ ਧਾਰਾ 31 ਦੀ ਉਪ ਧਾਰਾ (1) ਇਹ ਉਪਬੰਧ ਕਰਦੀ ਹੈ ਕਿ ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਉਨ੍ਹਾਂ ਸਰਕਾਰੀ ਸਕਿਓਰਿਟੀਜ਼ ਤੇ ਅਤੇ ਉਹਨਾਂ ਸਾਰੇ ਮਾਮਲਿਆਂ ਤੇ ਜਿਨ੍ਹਾਂ ਲਈ ਇਸ ਐਕਟ ਰਾਹੀਂ ਉਪਬੰਧ ਕੀਤੇ ਗਏ ਹਨ, ਲਾਗੂ ਹੋਣਾ ਬੰਦ ਹੋ ਜਾਵੇਗਾ ਜਿਨ੍ਹਾਂ ਤੇ ਇਹ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਲਾਗੂ ਹੁੰਦਾ ਹੈ, ਹਾਲਾਂਕਿ, ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਲਾਗੂ ਰਿਹਾ;

ਅਤੇ ਜਦੋਂਕਿ, ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਨੂੰ ਰੱਦ ਕਰਨ ਦੇ ਮਾਮਲੇ ਦੀ ਜਾਂਚ ਭਾਰਤੀ ਰਿਜ਼ਰਵ ਬੈਂਕ ਨਾਲ ਸਲਾਹ-ਮਸ਼ਵਰਾ ਕਰਕੇ ਕੀਤੀ ਗਈ ਹੈ ਅਤੇ ਇਹ ਦੇਖਣ ਵਿੱਚ ਆਇਆ ਹੈ ਕਿ ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਜਾਰੀ ਕੀਤੀਆਂ ਗਈਆਂ ਕੁਝ ਸਕਿਓਰਿਟੀਜ਼/ਆਈਟਮਜ਼ ਅਜੇ ਵੀ ਭਾਰਤੀ ਰਿਜ਼ਰਵ ਬੈਂਕ ਦੇ ਵਹੀ-ਖਾਤਿਆਂ ਵਿੱਚ ਬਕਾਇਆ ਹਨ। ਇਸ ਲਈ, ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਨੂੰ ਰੱਦ ਕਰਨ ਲਈ, ਸਰਕਾਰੀ ਸਕਿਓਰਿਟੀਜ਼ (ਸੋਧ) ਬਿੱਲ ਲਿਆਉਂਦੇ ਹੋਏ ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਦੇ ਅਜਿਹੇ ਉਪਬੰਧਾਂ ਨੂੰ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਅਧੀਨ ਸ਼ਾਮਲ ਕਰਕੇ ਪ੍ਰਭਾਵੀ ਬਣਾਇਆ ਜਾ ਸਕਦਾ ਹੈ। ਇਸ ਅਨੁਸਾਰ, ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਵਿੱਚ ਹੇਠ ਲਿਖੀਆਂ ਵੱਡੀਆਂ ਸੋਧਾਂ ਨੂੰ ਸ਼ਾਮਲ ਕਰਦੇ ਹੋਏ ਸਰਕਾਰੀ ਸਕਿਓਰਿਟਜ਼ (ਸੋਧ) ਬਿੱਲ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਆਰਥਿਕ ਮਾਮਲੇ, ਵਿਭਾਗ ਵਿੱਚ ਵਿਚਾਰ ਅਧੀਨ ਹੈ,-

(i) ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਵਿੱਚੋਂ ਜੰਮੂ ਅਤੇ ਕਸ਼ਮੀਰ ਰਾਜ ਦੇ ਹਵਾਲੇ ਨੂੰ ਹਟਾਉਣ ਲਈ, ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ

ਕੇਂਦਰੀ ਐਕਟ 38) ਦੀ ਧਾਰਾ 1 ਵਿੱਚ ਸੋਧ ਕਰਨਾ, ਜਿੱਥੇ ਕਿਤੇ ਵੀ ਇਹ ਪੂਰਵਲੇ ਰਾਜ ਦੀ ਮੌਜੂਦਾ ਸਥਿਤੀ ਨੂੰ ਦਰਸਾਉਂਦਾ ਹੈ, ਜਿਹੜਾ ਕਿ ਜੰਮੂ ਕਸ਼ਮੀਰ ਪੁਨਰਗਠਨ ਐਕਟ, 2019 ( 2019 ਦਾ ਕੇਂਦਰੀ ਐਕਟ 34) ਦੇ ਤਹਿਤ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਪੁਨਰਗਠਿਤ ਕੀਤਾ ਗਿਆ ਹੈ;

(ii) ਧਾਰਾ 2 ਵਿੱਚ ਦਿੱਤੇ ਅਨੁਸਾਰ ਸਰਕਾਰੀ ਸੁਰੱਖਿਆ ਦੀ ਪਰਿਭਾਸ਼ਾ ਨੂੰ ਸੋਧਣਾ ਅਤੇ ਨਾਲ ਹੀ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਦੀ ਧਾਰਾ 5 ਵਿੱਚ ਸੋਧ ਕਰਨ ਲਈ ਜਨਤਕ ਕਰਜ਼ਾ, ਐਕਟ 1944 (1944 ਦਾ ਕੇਂਦਰੀ ਐਕਟ 18) ਦੇ ਅਧੀਨ ਜਾਰੀ ਵਿਸ਼ੇਸ਼ ਸਕਿਓਰਿਟੀਜ਼ ਦੀਆਂ ਵਿਸ਼ੇਸ਼ਤਾਵਾਂ, ਖਾਸ ਤੌਰ ਤੇ, ਉਹਨਾਂ ਦੀ ਗੈਰ-ਤਬਾਦਲਾ ਯੋਗਤਾ ਨੂੰ ਬਚਾਉਣ ਲਈ, ਨੂੰ ਸ਼ਾਮਲ ਕਰਨਾ; ਅਤੇ

(iii) ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਨੂੰ ਰੱਦ ਕਰਨ ਲਈ ਉਪਬੰਧ ਕਰਨ ਅਤੇ ਇਸ ਦੇ ਨਾਲ ਹੀ ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਅਧੀਨ ਕੁਝ ਕਾਰਵਾਈਆਂ/ਬਕਾਇਆ ਮੱਦਾਂ ਦੇ ਬਚਾਓ ਲਈ ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਲਈ ਧਾਰਾਵਾਂ 31 ਅਤੇ 35 ਵਿੱਚ ਸੋਧ ਕਰਨਾ;

ਅਤੇ ਜਦੋਂਕਿ, ਜਨਤਕ ਕਰਜ਼ਾ ਐਕਟ, 1944 (1944 ਦਾ ਕੇਂਦਰੀ ਐਕਟ 18) ਦਾ ਵਿਸ਼ਾ ਵਸਤੂ ਵੀ ਰਾਜ ਸੂਚੀ ਵਿੱਚ ਐਂਟਰੀ ਨਾਲ ਸਬੰਧਤ ਹੈ, ਇਹ ਮਤਾ ਪੇਸ਼ ਕੀਤਾ ਜਾਂਦਾ ਹੈ ਕਿ ਸੰਵਿਧਾਨ ਦੇ ਅਨੁਛੇਟ 252 ਦੇ ਉਪਬੰਧਾਂ ਦੇ ਅਨੁਸਾਰ, ਸਰਕਾਰੀ ਸਕਿਓਰਿਟੀਜ਼ ਐਕਟ, 2006 (2006 ਦਾ ਕੇਂਦਰੀ ਐਕਟ 38) ਵਿੱਚ ਲੋੜੀਂਦੀ ਸੋਧ ਕੀਤੀ ਜਾ ਸਕਦੀ ਹੈ;

ਇਸ ਲਈ, ਹੁਣ ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੀ ਕਲਾਜ਼ (1) ਦੀ ਪਾਲਣਾ ਕਰਦੇ ਹੋਏ, ਇਹ ਸਦਨ ਮਤਾ ਪੇਸ਼ ਕਰਦਾ ਹੈ ਕਿ ਸੰਸਦ ਨੂੰ ਸਰਕਾਰੀ ਸਕਿਓਰਿਟੀਜ਼ ਅਤੇ ਇਸ ਨਾਲ ਜੁੜੇ ਹੋਰ ਸਾਰੇ ਮਾਮਲਿਆਂ ਜਾਂ ਸਹਾਇਕ ਜਾਂ ਇਤਫਾਕੀਆ ਤੌਰ ਤੇ ਸਬੰਧਤ ਮਾਮਲਿਆਂ ਨੂੰ ਕਾਨੂੰਨ ਦੇ ਰਾਹੀਂ ਨਿਯੰਤ੍ਰਿਤ ਕਰਨ ਦਾ ਅਧਿਕਾਰ ਦਿੱਤਾ ਜਾਵੇ।"

**ਚੰਡੀਗੜ੍ਹ:** **ਰਾਮ ਲੋਕ ਖਟਾਣਾ,**

1**, ਮਾਰਚ, 2024** **ਸਕੱਤਰ।**

ਸੇਵਾ ਵਿੱਚ

**ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ।**

---

**ਨੰ. 15-ਐਲ ਏ-2024/**3604-06**, ਮਿਤੀ ਚੰਡੀਗੜ੍ਹ,** 01 **ਮਾਰਚ, 2024**

ਕਾਪੀ ਨਿਮਨਲਿਖਤ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ;
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ; ਅਤੇ
3. ਸਕੱਤਰ, ਪੰਜਾਬ ਸਰਕਾਰ, ਸੰਸਦੀ ਮਾਮਲਿਆਂ ਦਾ ਵਿਭਾਗ, ਚੰਡੀਗੜ੍ਹ।

ਗੁਰਵਿੰਦਰ ਜੀਤ ਕੌਰ
ਸੁਪਰਡੰਟ,
ਵਾਸਤੇ ਸਕੱਤਰ।